بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.09.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਲਸਾ ਸਾਲਾਨਾ ਜਰਮਨੀ ਅਤੇ ਬੈਲਜੀਯਮ ਦਾ ਬਰਕਤਾਂ ਭਰਪੂਰ ਆਯੋਜਨ ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਅਯੱਦਾਹੁਲੱਾਹ ਤਆਲਾ ਬਿਨ ਸਰਿਹਿਲ ਅਜ਼ੀਜ਼ ਦਾ ਉਸ ਵਿੱਚ ਆਪ ਭਾਗ ਲੈਂਣਾ

## ਵੱਖ ਵੱਖ ਦੇਸ਼ਾਂ ਵਿੱਚੋਂ ਆਉਣ ਵਾਲੇ ਅਹਮਦੀ, ਗ਼ੈਰ ਅਹਮਦੀ ਅਤੇ ਗ਼ੈਰ ਮੁਸਲਮਾਨ ਮਹਿਮਾਨਾ ਦੇ ਇਮਾਨ ਨੂੰ ਵਧਾਉਣ ਵਾਲੇ ਫੀਡਬੈਕ (ਟਿਪੱਣੀਆਂ)

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਸਤੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਅਲੱਾਹ ਤਆਲਾ ਨੇ ਜਲਸਾ ਸਾਲਾਨਾ ਜਰਮਨੀ ਅਤੇ ਬੈਲਜੀਯਮ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਦਾਨ ਕੀਤਾ । ਦੋਵੇਂ ਜਲਸੇ ਰੱਬ ਦੀ ਮਿਹਰ ਨਾਲ ਬਹੁਤ ਹੀ ਬਰਕਤਾਂ ਭਰਪੂਰ ਸਨ । ਜਰਮਨੀ ਦੀ ਜਮਾਤ ਵਿੱਚ ਹੁਣ ਜਲਸੇ ਦਾ ਨਿਜ਼ਾਮ ਬਹੁਤ ਹੱਦ ਤੱਕ ਵਿਵਸਥਤ ਹੋ ਚੁੱਕਿਆ ਹੈ । ਆਲ੍ਹੇ ਦੁਆਲੇ ਦੇ ਪੂਰਬੀ ਯੂਰੋਪ ਦੇ ਲੋਕਾਂ ਤੋਂ ਬਿਨਾ ਕਈ ਹੋਰਨਾ ਦੇਸ਼ਾਂ ਦੇ ਲੋਕ ਵੀ ਜਲਸੇ ਵਿੱਚ ਭਾਗ ਲੈਂਣ ਲਈ ਆਉਂਦੇ ਹਨ । ਇਸ ਸਾਲ ਤਾਂ ਅਫ਼ਰੀਕਾ ਦੇ ਕੁਝ ਦੇਸ਼ਾਂ ਵਿੱਚੋਂ ਵੀ ਲੋਕਾਂ ਨੇ ਇੱਥੇ ਜਲਸੇ ਵਿੱਚ ਭਾਗ ਲਿਆ । ਬਾਹਰੋਂ ਆਉਣ ਵਾਲੇ ਮਹਿਮਾਨ ਇਕ ਚੰਗਾ ਪ੍ਰਭਾਵ ਸਾਡੇ ਜਲਸਿਆਂ ਤੋਂ ਲੈਂਦੇ ਹਨ ਅਤੇ ਇਸ ਦਾ ਪ੍ਰਗਟਾਵਾ ਵੀ ਕਰਦੇ ਹਨ । ਸੋ, ਮਹਿਮਾਨਾ ਨੇ ਜਲਸੇ ਦੇ ਪ੍ਰਬੰਧਾਂ ਅਤੇ ਜਲਸੇ ਦੇ ਸਾਮੂਹਿਕ ਵਾਤਾਵਰਣ ਦੀ ਬਹੁਤ ਸ਼ਲਾਘਾ ਕੀਤੀ ਕਿ ਸਾਨੂੰ ਇੱਥੇ ਆਣਕੇ ਪਤਾ ਲਗੱਾ ਹੈ ਕਿ ਇਸਲਾਮ ਦੀ ਹਕੀਕੀ ਸਿੱਖਿਆ ਕੀ ਹੈ । ਜਲਸੇ ਵਿੱਚ ਸ਼ਾਮਲ ਹੋਕੇ ਇਹ ਲੋਕ ਹਰ ਕਾਰਕੁਨ (ਸੇਵਕ) ਅਤੇ ਹਰ ਅਫ਼ਸਰ ਨੂੰ ਅਤੇ ਹਰ ਅਹਮਦੀ ਨੂੰ ਬਹੁਤ ਗ਼ੌਰ ਨਾਲ ਦੇਖਦੇ ਹਨ ਕਿ ਉਹਨਾਂ ਦੇ ਅਮਲ ਕੀ ਹਨ । ਸਿੱਖਿਆ ਜੇਕਰ ਚੰਗੀ ਵੀ ਹੋਵੇ ਪਰ ਇਸ ਦੇ ਮੰਨ੍ਹਣ ਵਾਲਿਆਂ ਦੇ ਅਮਲ ਚੰਗੇ ਨ ਹੋਣ ਤਾਂ ਫਿਰ ਇਸ ਸਿੱਖਿਆ ਦਾ ਚੰਗਾ ਪ੍ਰਭਾਵ ਕਾਇਮ ਨਹੀਂ ਹੁੰਦਾ । ਸੋ, ਇਸ ਪੱਖੋਂ ਜਲਸੇ ਦੇ ਸਾਰੇ ਸਵੈਸੇਵਕ ਅਤੇ ਭਾਗ ਲੈਂਣ ਵਾਲੇ ਇਕ ਮੋਨ ਪ੍ਰਚਾਰ ਵਿੱਚ ਭਾਗ ਲੈ ਰਹੇ ਹੁੰਦੇ ਹਨ । ਗ਼ੈਰ ਮੁਸਲਮਾਨਾ ਦੀਆਂ ਸੋਚਾਂ ਵਿੱਚ ਇਸਲਾਮ

ਬਾਰੇ ਗ਼ਲਤ ਪ੍ਰਭਾਵ ਤੇ ਗ਼ਲਤ ਫ਼ਹਿਮੀਆਂ ਨੂੰ ਦੂਰ ਕਰ ਰਹੇ ਹੁੰਦੇ ਹਨ ਅਤੇ ਮੁਸਲਮਾਨਾ ਦੇ ਦਿਲਾਂ ਵਿੱਚੋਂ ਨਾਂਨਿਹਾਦ ਮੌਲਵੀਆਂ ਨੇ ਜੋ ਗ਼ਲਤ ਪ੍ਰਾਪੇਗੰਡੇ ਕਰਕੇ ਗ਼ਲਤ ਫ਼ਹਿਮੀਆਂ ਪੈਦਾ ਕੀਤੀਆਂ ਹੋਈਆਂ ਹਨ ਉਸ ਨੂੰ ਦੂਰ ਕਰ ਰਹੇ ਹੁੰਦੇ ਹਨ । ਸੋ, ਜਮਾਤ ਜਿੱਥੇ ਵੀ ਹੋਵੇ ਰੱਬ ਦੀ ਮਿਹਰ ਨਾਲ ਗ਼ੈਰਾਂ ਉਪੱਰ ਆਪਣਾ ਨੇਕ ਪ੍ਰਭਾਵ ਕਾਇਮ ਕਰਦੀ ਹੈ ਅਤੇ ਪ੍ਰਚਾਰ ਦਾ ਸਾਧਨ ਬਣਦੀ ਹੈ । ਸੋ, ਹਰ ਅਹਮਦੀ ਨੂੰ ਇਸ ਗੱਲ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਉਹਨਾਂ ਨੂੰ ਆਪਣੀਆਂ ਹਾਲਤਾਂ ਨੂੰ ਚੰਗਾ ਬਨਾਉਣ ਲਈ ਕਿੰਨ੍ਹੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੋਹਾਂ ਜਲਸਿਆਂ ਵਿੱਚ ਕੰਮ ਕਰਨ ਵਾਲੇ ਸੇਵਕਾਂ ਦਾ ਵੀ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜਰਮਨੀ ਵਿੱਚ ਵੀ ਅਤੇ ਬੈਲਜੀਯਮ ਵਿੱਚ ਵੀ ਉਹਨਾਂ ਨੇ ਆਪਣੀ ਸਮਰਥਾ ਅਤੇ ਗੁਣਾ ਅਨੁਸਾਰ ਜਲਸੇ ਵਿੱਚ ਭਾਗ ਲੈਂਣ ਵਾਲੇ ਮਹਿਮਾਨਾਂ ਦੀ ਸੇਵਾ ਕੀਤੀ । ਇਸੇ ਪ੍ਰਕਾਰ ਸਾਰੇ ਸ਼ਾਮਲ ਹੋਣ ਵਾਲੇ, ਉੱਥੇ ਜੋ ਲੋਕ ਸਨ ਅਹਮਦੀ ਉਹਨਾਂ ਨੂੰ ਵੀ ਉਹਨਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ । ਵੱਖ ਵੱਖ ਸੁਭਾਵਾਂ, ਵਿਚਾਰਾਂ ਤੇ ਤਬਕਿਆਂ ਦੇ ਲੋਕ ਹੁੰਦੇ ਹਨ, ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ । ਇਸੇ ਪ੍ਰਕਾਰ ਸੇਵਕਾਂ ਨੂੰ ਵੀ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਰੱਬ ਨੇ ਉਹਨਾਂ ਨੂੰ ਸੇਵਾ ਦਾ ਮੌਕਾ ਪ੍ਰਦਾਨ ਕੀਤਾ ਹੈ ਅਤੇ ਭਵਿੱਖ ਲਈ ਆਪਣੇ ਆਪ ਨੂੰ ਤਿਆਰ ਕਰਨ ਕਿ ਜੋ ਕਮਜ਼ੋਰੀਆਂ ਤੇ ਕਮੀਆਂ ਰਹਿ ਗਈਆਂ ਹਨ ਉਹਨਾਂ ਬਾਰੇ ਆਪ ਵਿਚਾਰ ਕਰਨ ਅਤੇ ਦੇਖਣ ਕਿ ਇਹਨਾਂ ਨੂੰ ਭਵਿੱਖ ਵਿੱਚ ਕਿਵੇਂ ਚੰਗਾ ਕਰਨਾ ਹੈ ਵਿਸ਼ੇਸ਼ ਰੂਪ ਵਿੱਚ ਪ੍ਰਬੰਧਕਾਂ ਨੂੰ ਅਫ਼ਸਰਾਂ ਨੂੰ ਆਪਣੇ ਚਾਇਜ਼ੇ ਲੈਂਣੇ ਚਾਹੀਦੇ ਹਨ । ਆਪਣੀ ਵਿਉਂਤਬੰਦੀ ਦੇ ਜਾਇਜ਼ੇ ਲੈਂਣੇ ਚਾਹੀਦੇ ਹਨ ਅਤੇ ਸਾਰੀਆਂ ਕਮੀਆਂ ਨੂੰ ਇਕ ਲਾਲ ਕਿਤਾਬ ਜੋ ਬਣੀ ਹੋਈ ਹੈ ਇਸ ਵਿੱਚ ਲਿਖੱਣ ਤਾਂ ਜੋ ਭਵਿੱਖ ਵਿੱਚ ਇਹ ਮੁੜ ਦਹੁਰਾਈਆਂ ਨ ਜਾਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਮਹਿਮਾਨਾਂ ਦੇ ਅਨੁਭਵ (ਫ਼ੀਡਬੈਕ) ਪੇਸ਼ ਕਰਦਾ ਹਾਂ ਜਿੰਨ੍ਹਾ ਤੋਂ ਪਤਾ ਲਗੱਦਾ ਹੈ ਕਿ ਜਲਸੇ ਦੀਆਂ ਬਰਕਤਾਂ ਦਾ ਕੇਵਲ ਅਹਮਦੀਆਂ ਉਪੱਰ ਪ੍ਰਭਾਵ ਨਹੀਂ ਹੁੰਦਾ ਸਗੋਂ ਗ਼ੈਰਾਂ ਉਪੱਰ ਵੀ ਹੁੰਦਾ ਹੈ ।

ਬੋਸਨੀਆ ਤੋਂ ਇਕ ਗ਼ੈਰ ਅਹਮਦੀ ਮਸਜਿਦ ਦੇ ਇਮਾਮ ਆਏ ਹੋਏ ਸਨ ਉਹ ਕਹਿੰਦੇ ਹਨ ਕਿ ਅਹਮਦੀਆਂ ਵਿੱਚ ਕੁਝ ਸਮਾਂ ਲੰਘਾਉਂਣ ਦੇ ਬਾਦ ਮੈਂ ਇਸ ਸਿੱਟੇ'ਤੇ ਪਹੁੰਚਿਆਂ ਹਾਂ ਕਿ ਤੁਸੀਂ ਹੀ ਉਹ ਲੋਕ ਜੋ ਇਸਲਾਮ ਦੀ ਹਕੀਕੀ ਸਿੱਖਿਆ ਸਹੀ ਅਰਥਾਂ ਵਿੱਚ ਕਰ ਰਹੇ ਹੋ । ਉਹਨਾਂ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਮੁਸਲਮਾਨ ਧਰਮ ਤੇ ਦੁਨੀਆ ਦੀ ਤਾਲੀਮ ਵਿੱਚ ਬਹੁਤ ਪਿੱਛੇ ਹਨ ਪਰ ਜਮਾਤ ਅਹਮਦੀਆ ਖ਼ਿਲਾਫ਼ਤ ਦੀ ਛਾਂ ਹੇਠ ਧਾਰਮਕ ਗਿਆਨ ਦੇ ਪ੍ਰਕਾਸ਼ਨ ਵਿੱਚ ਵਿਵਸਥਤ ਢੰਗ ਨਾਲ ਜਤਨ ਕਰ ਰਹੀ ਹੈ ਅਤੇ ਮੁਸਲਮਾਨਾਂ ਦੀ ਲੁਪਤ ਹੋਈ ਸਾਖ਼ ਨੂੰ ਵਾਪਸ ਲਿਆਉਣ ਦੇ ਜਤਨ ਵਿੱਚ ਲੱਗੀ ਹੋਈ ਹੈ ।

ਇਕ ਘੱਟ ਦ੍ਰਿਸ਼ਟੀ ਰਖੱਣ ਵਾਲੇ ਮੋਂਟੀ ਨੀਗਰੋ ਨਾਲ ਸੰਬੰਧ ਰਖੱਣ ਵਾਲੇ ਇਕ ਵਿਅਕਤੀ ਕਹਿੰਦੇ ਹਨ ਕਿ ਮੈਂ ਘੱਟ ਦ੍ਰਿਸ਼ਟੀ ਰਖੱਣ ਵਾਲਾ ਇਕ ਵਿਅਕਤੀ ਹਾਂ ਪਰ ਜਲਸੇ ਵਿੱਚ ਸ਼ਾਮਲ ਹੋਕੇ ਮੈਂ ਸਭ ਕੁਝ ਮਨ ਦੀਆਂ ਅਖੱਾਂ ਨਾਲ ਦੇਖਿਆ ਹੈ ਅਤੇ ਇਸ ਜਲਸੇ ਨਾਲ ਆਤਮਾ ਨੂੰ ਭਰਪੂਰ ਕਰਕੇ ਜਾ ਰਿਹਾ ਹਾਂ । ਮੈਂ ਜਿਸ ਦੇਸ਼ ਨਾਲ ਸੰਬੰਧ ਰਖੱਦਾ ਹਾਂ ਉੱਥੇ ਦੀਨ ਤੇ ਧਰਮ ਤੋਂ ਲੋਕ ਬਹੁਤ ਦੂਰ ਹਨ ਅਤੇ ਆਤਮਕਤਾ ਕੀ ਚੀਜ਼ ਹੈ ਇਸ ਦੀ ਉਹਨਾਂ ਨੂੰ ਕੋਈ ਖ਼ਬਰ ਨਹੀਂ ਹੈ, ਪਰ ਜਲਸੇ ਵਿੱਚ ਮੈਂ ਮਹਿਸੂਸ ਕੀਤਾ ਹੈ ਕਿ ਰੱਬ ਮੌਜੂਦ ਹੈ ਅਤੇ ਇਸ ਦੀਆਂ ਬਰਕਤਾਂ ਇੱਥੇ

ਅਮਨ ਤੇ ਸਲਾਮਤੀ ਅਤੇ ਮਨ ਦੇ ਸੁਕੂਨ ਦੇ ਰੂਪ ਵਿੱਚ ਨਾਜ਼ਲ ਹੋ ਰਹੀਆਂ ਹਨ ਜਿਸ ਵਿੱਚੋਂ ਮੈਂ ਵੀ ਹਿਸੱਾ ਲਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਾਲ ਜਲਸਾ ਜਰਮਨੀ ਵਿੱਚ ਬੁਲਗ਼ਾਰੀਆਂ ਦੇ 56 ਵਿਅਕਤੀਆਂ ਦੇ ਜੱਥੇ ਨੇ ਭਾਗ ਲਿਆ । ਇਸ ਵਿੱਚ 31 ਗ਼ੈਰ ਅਹਮਦੀ ਮਹਿਮਾਨ ਸਨ । ਉਹਨਾ ਦੀ ਮੇਰੇ ਨਾਲ ਮੁਲਾਕਾਤ ਵੀ ਹੋਈ । ਜੱਥੇ ਵਿੱਚ ਸ਼ਾਮਲ ਇਕ ਇਸਤਰੀ ਆਪਣੇ ਵਿਚਾਰ ਬਿਆਨ ਕਰਦਿਆਂ ਹੋਇਆਂ ਕਹਿੰਦੀ  ਹਨ ਕਿ ਮੈਂ ਕਈ ਪ੍ਰੋਗਰਾਮਾ ਵਿੱਚ ਸ਼ਾਮਲ ਹੋਈ ਹਾਂ ਪਰ ਜਮਾਤ ਅਹਮਦੀਆ ਦੇ ਜਲਸੇ ਵਿੱਚ ਰੂਹਾਨੀ ਮਾਹੌਲ ਸੀ ਬਹੁਤ ਸ਼ਾਂਤੀ ਭਰਪੂਰ ਵਾਤਾਵਰਣ ਸੀ । ਲੋਕਾਂ ਦੇ ਦਿਲਾਂ ਵਿੱਚ ਸਾਡੇ ਲਈ ਸਨਮਾਨ ਅਤੇ ਪ੍ਰੇਮ ਸੀ, ਉਹਨਾਂ ਦੀਆਂ ਅਖੱਾਂ ਵਿੱਚੋਂ ਉਹਨਾ ਦੀ ਆਸਥਾ ਦਾ ਅਨੁਮਾਨ ਹੁੰਦਾ ਸੀ ਕਿ ਕਿੰਨ੍ਹੇ ਨੇਕ ਲੋਕ ਹਨ । ਖ਼ਲੀਫ਼ਾ ਸਾਹਬ ਦੇ ਭਾਸ਼ਣ ਨੇ ਮੇਰੇ ਮਨ ਉਪੱਰ ਬਹੁਤ ਡੂੰਘਾ ਪ੍ਰਭਾਵ ਕੀਤਾ । ਮੈਂ ਭਾਸ਼ਣ ਦੌਰਾਨ ਰੋਂਦੀ ਰਹੀ ਅਤੇ ਮੈਂਨੂੰ ਅਜਿਹਾ ਲਗੱਦਾ ਸੀ ਕਿ ਹੁਣ ਮੇਰਾ ਨਵਾਂ ਜੀਵਨ ਅਰੰਭ ਹੋ ਰਿਹਾ ਹੈ । ਮੈਂ ਜਤਨ ਕਰਾਂਗੀ ਕਿ ਬਾਕੀ ਦਾ ਜੀਵਨ ਇਹਨਾਂ ਗਲੱਾਂ ਦੇ ਚਾਨ੍ਹਣੇ ਵਿੱਚ ਲੰਘਾਵਾਂ । ਮੈਂ ਆਪ ਦੀ ਧੰਨਵਾਦੀ ਹਾਂ ਕਿ ਇਸ ਰੂਹਾਨੀ ਮਾਹੌਲ ਵਿੱਚੋਂ ਮੈਂਨੂੰ ਲਾਭ ਉਠਾਉਣ ਦਾ ਸੁਭਾਗ ਪ੍ਰਦਾਨ ਕੀਤਾ ।

ਇਕ ਇਸਾਈ ਇਸਤਰੀ ਕ੍ਰੇਸੀ ਮੀਰਾ ਸਾਹਿਬਾ ਕਹਿੰਦੀ ਹਨ ਕਿ ਮੈਂ ਆਪਣੇ ਪਤੀ ਅਤੇ ਬੱਚਿਆਂ ਨਾਲ ਜਲਸੇ ਵਿੱਚ ਸ਼ਾਮਲ ਹੋਈ ਹਾਂ । ਮੈਂ ਅਜਿਹੀ ਵਿਵਸਥਤ ਮਹਿਮਾਨ ਨਵਾਜ਼ੀ ਪਹਿਲਾਂ ਕਦੇ ਨਹੀਂ ਦੇਖੀ । ਮਾਤਾ ਪਿਤਾ ਦਾ ਸਨਮਾਨ ਬੱਚਿਆਂ ਦੀ ਤਰਬੀਯਤ ਬਾਰੇ ਬਹੁਤ ਕੁਝ ਸਿੱਖਿਆ ਹੈ, ਇਸ ਨੂੰ ਹੁਣ ਜੀਵਨ ਦਾ ਹਿਸੱਾ ਬਣਾਵਾਂਗੀ । ਪੁਰੁਸ਼ ਲੋਕ ਜਿਵੇਂ ਇਸਤਰੀਆਂ ਦਾ ਸਨਮਾਨ ਕਰ ਰਹੇ ਸਨ ਇਹ ਦੇਖਕੇ ਬਹੁਤ ਹੈਰਾਨੀ ਹੋਈ । ਇਸਾਈਆਂ ਵਿੱਚ ਇਸਤਰੀਆਂ ਲਈ ਐਨ੍ਹਾ ਸਨਮਾਨ ਅਤੇ ਇਜ਼ੱਤ ਮੈਂ ਨਹੀਂ ਦੇਖਿਆ ਅਤੇ ਸ਼ੁਕਰਾਨੇ ਸਹਿਤ ਆਪ ਲਈ ਦੁਆ ਕਰਦੀ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਪੁਰੁਸ਼ਾਂ ਲਈ ਵੀ ਇਕ ਪਾਠ ਹੈ ਕਿ ਕੇਵਲ ਜਲਸੇ ਦੇ ਦਿਨਾਂ ਵਿੱਚ ਹੀ ਨਹੀਂ ਸਗੋਂ ਹਮੇਸ਼ਾ ਇਸਤਰੀ ਦਾ ਇਹ ਸਨਮਾਨ ਉਹਨਾਂ ਦੇ ਦਿਲਾਂ ਵਿੱਚ ਰਹਿਣਾ ਚਾਹੀਦਾ ਹੈ, ਉਸ ਸਿੱਖਿਆ ਅਨੁਸਾਰ ਜੋ ਸਾਨੂੰ ਰੱਬ ਨੇ ਦਿੱਤੀ ਹੈ ।

ਇਕ ਮੁਸਲਮਾਨ ਮੁਹਮੱਦ ਯੂਸੁਫ਼ ਸਾਹਬ ਕਹਿੰਦੇ ਹਨ ਬਹੁਤ ਗਲੱਾਂ ਜਮਾਤ ਦੇ ਖ਼ਿਲਾਫ਼ ਸੁਣੀਆਂ ਸਨ ਸਗੋਂ ਜਲਸੇ ਦਾ ਮਾਹੌਲ ਦੇਖਕੇ ਹੁਣ ਮੇਰਾ ਦਿਲ ਹਰ ਪੱਖੋਂ ਸਾਫ਼ ਹੋ ਗਿਆ ਹੈ । ਹਰ ਪਾਸੇ ਭਲਾਈ ਅਤੇ ਕੁਰਆਨ ਤੇ ਹਦੀਸਾਂ ਦੀ ਸਿੱਖਿਆ ਸੀ ਅਤੇ ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ ਨੇ ਮੈਂਨੂੰ ਪ੍ਰਭਾਵਤ ਕੀਤਾ । ਹਰ ਪਾਸੇ ਸੁਕੂਨ ਸ਼ਾਂਤੀ ਹੀ ਸ਼ਾਂਤੀ ਸੀ । ਵਿਸ਼ੇਸ਼ ਰੂਪ ਵਿੱਚ ਖ਼ਲੀਫ਼ਾ ਸਾਹਬ ਦੇ ਭਾਸ਼ਣਾਂ ਸਮੇਂ ਤਾਂ ਬਹੁਤ ਹੀ ਸੁਕੂਨ ਮਿਲਿਆ । ਜਲਸੇ ਦੌਰਾਨ ਹੀ ਫ਼ੈਸਲਾ ਕੀਤਾ ਕਿ ਹੁਣ ਮੈਂ ਵੀ ਅਹਮਦੀਅਤ ਵਿੱਚ ਦਾਖ਼ਲ ਹੁੰਦਾ ਹਾਂ । ਹੁਣ ਜਮਾਤ ਦੇ ਸੰਦੇਸ਼ ਨੂੰ ਅੱਗੇ ਫੈਲਾਵਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਲਿਟੋਯਾ ਤੋਂ ਇਕ ਮੈਡੀਕਲ ਸਟੂਡੈਂਟ ਆਏ ਸਨ ਉਹ ਕਹਿੰਦੇ ਹਨ ਕਿ ਜਲਸਾ ਸਾਲਾਨਾ ਜਰਮਨੀ  ਵਿੱਚ ਸ਼ਾਮਲ ਹੋਣਾ ਮੇਰੇ ਲਈ ਬਹੁਤ ਸਨਮਾਨ ਦੀ ਗੱਲ ਹੈ ਮੈਂਨੂੰ ਇਉਂ ਲੱਗਿਆ ਕਿ ਇਹ ਜਲਸਾ ਉਹਨਾਂ ਸਾਰਿਆਂ ਲੋਕਾਂ ਦਾ ਇਕੱਠ ਹੈ ਕਿ ਜੋ ਮਜ਼ਬੂਤ ਇਮਾਨ ਵਾਲੇ ਅਤੇ ਸ਼ਾਂਤ ਆਤਮਾਵਾਂ ਦੇ ਮਾਲਕ ਅਤੇ ਭਾਈਚਾਰੇ ਵਾਲੇ ਪੁਰਅਮਨ ਲੋਕ ਹਨ । ਮੇਰੇ ਲਈ ਹੈਰਾਨੀ ਦੀ ਗੱਲ ਇਹ ਸੀ ਕਿ ਕਿਵੇਂ ਹਰ ਕੋਈ ਮਗਨਤਾ ਨਾਲ ਭਾਸ਼ਣਾ ਨੂੰ ਸੁਣਨ ਅਤੇ ਆਪਣੇ ਕੰਮ ਵਿੱਚ ਮਗਨ ਸੀ ।

ਲਿਟੋਯਾ ਤੋਂ ਇਕ ਗ਼ੈਰ ਅਹਮਦੀ ਪਾਕਿਸਤਾਨੀ ਜਲਸੇ ਵਿੱਚ ਸ਼ਾਮਲ ਹੋਏ । ਕਹਿੰਦੇ ਹਨ ਮੈਂ ਐਨ੍ਹਾ ਪਿਆਰ, ਇਜ਼ੱਤ, ਸਨਮਾਨ ਅਤੇ ਮਹਿਮਾਨ ਨਵਾਜ਼ੀ ਕਦੇ ਆਪਣੇ ਪੂਰੇ ਜੀਵਨ ਵਿੱਚ ਨਹੀਂ ਦੇਖੀ ਜਿੰਨ੍ਹੀ ਮੈਂ ਐਥੇ ਦੇਖੀ ਹੈ ਅਤੇ ਮੈਨੂੰ ਦੇਖਕੇ ਬਹੁਤ ਹੀ ਚੰਗਾ ਲੱਗਿਆ ਕਿ ਇਸ ਨਾਲ ਸਾਰਿਆਂ ਗ਼ੈਰ ਮੁਸਲਮਾਨਾ'ਤੇ ਬਹੁਤ ਚੰਗਾ ਪ੍ਰਭਾਵ ਪਏਗਾ । ਮੈਂ ਹੁਣ ਸੋਚਣ ਲਈ ਮਜਬੂਰ ਹੋ ਗਿਆ ਹਾਂ ਕਿ ਗ਼ੌਰ ਤੇ ਚਿੰਤਾ ਵਿੱਚ ਪੈ ਗਿਆ ਹਾਂ ਕਿ ਆਪਣੇ ਫਿਰਕੇ ਨੂੰ ਸਚੱਾ ਆਖਾਂ ਜਾਂ ਅਹਮਦੀ ਫ਼ਿਰਕੇ ਨੂੰ । ਮੇਰੇ ਨਾਲ ਕੁਝ ਗ਼ੈਰ ਮੁਸਲਮ ਮਿਤੱਰ ਵੀ ਸਨ ਉਹ ਮੁਸਲਮਾਨਾ ਦੇ ਇਸ ਰਵੱਈਏ ਨਾਲ ਇਸ ਇਜ਼ੱਤ ਤੇ ਸਨਮਾਨ ਨਾਲ ਜੋ ਅਹਮਦੀਆ ਜਮਾਤ ਨੇ ਉਹਨਾਂ ਨੂੰ ਦਿਤੱਾ ਬਹੁਤ ਪ੍ਰਭਾਵਤ ਸਨ । ਹਰ ਕਿਸੇ ਨੇ ਬਹੁਤ ਪਿਆਰ, ਪ੍ਰੇਮ ਅਤੇ ਸਨਮਾਨ ਨਾਲ ਗੱਲ ਕੀਤੀ ਅਤੇ ਗਾਈਡ ਕੀਤਾ ਅਤੇ ਐਨ੍ਹੇ ਵੱਡੇ ਜਲਸੇ ਨੂੰ ਐਨ੍ਹੀ ਖ਼ੂਬੀ ਨਾਲ ਮੈਨੇਜ ਕੀਤਾ । ਮੈਂ ਮਨ ਗਹਿਰਾਈ ਨਾਲ ਸ਼ੁਕਰਾਨਾ ਕਰਦਾ ਹਾਂ ।

ਫਿਰ ਯੂਨੀਵਰਸਿਟੀ ਆਫ਼ ਐਗ੍ਰੀਗਲਚਰ ਲਿਟੋਯਾ ਦੇ ਇਕ ਸਿਰੀਲੰਕਨ ਲੈਕਚਰਾਰ ਸ਼ਾਮਲ ਹੋਏ । ਕਹਿੰਦੇ ਹਨ ਇਸ ਪ੍ਰੋਗਰਾਮ ਤੋਂ ਜੋ ਸਭ ਤੋਂ ਚੰਗੀ ਚੀਜ਼ ਮੈਂ ਉਗਰਾਹੀ ਹੈ ਉਹ ਇਹ ਹੈ ਕਿ ਅਹਮਦੀਆ ਜਮਾਤ ਇਕ ਮਿਹਨਤ ਕਰਨ ਵਾਲੀ ਜਮਾਤ ਹੈ ਮੈਂ ਇਸ ਨੂੰ ਬਹੁਤ ਅਧਿਕ ਸਰਾਹੁਣਾ ਚਾਹੁੰਦਾ ਹਾਂ । ਮੈਂ ਆਪ ਦੀ ਜਮਾਤ ਦੀ ਪ੍ਰਬੰਧਕੀ ਗੁਣਵਤੱਾ ਨੂੰ ਦੇਖਕੇ ਹੈਰਾਨ ਹੋਏ ਬਿਨਾ ਨਹੀਂ ਰਹਿ ਸਕਿਆ ਅਤੇ ਇਹ ਚੀਜ਼ ਸਪਸ਼ਟ ਸੰਕੇਤ ਦੇ ਰਹੀ ਹੈ ਕਿ ਆਪ ਲੋਕ ਦੁਨੀਆ ਦਾ ਸੁਮਾਰਗ ਵੱਲ ਮਾਰਗ ਦਰਸ਼ਨ ਕਰ ਸਕਦੇ ਹਨ ।

ਲਿਟੋਯਾ ਤੋਂ ਇਕ ਵਿਦਿਆਰਥਨ ਗਲੋਰੀਯਾ ਪਹਿਲੀ ਵਾਰ ਆਈ ਅਤੇ ਕਿਸੇ ਵੀ ਇਸਲਾਮੀ ਪ੍ਰੋਗਰਾਮ ਵਿੱਚ ਪਹਿਲੀ ਵਾਰ ਸ਼ਾਮਲ ਹੋਈ । ਕਹਿੰਦੀ ਹਨ ਮੈਨੂੰ ਸਭ ਕੁਝ ਬਹੁਤ ਚੰਗਾ ਲੱਗਿਆ, ਖਾਣਾ ਪੀਣਾ ਹਰ ਚੀਜ਼। ਲੋਕ ਬਹੁਤ ਚੰਗੇ ਆਚਰਣ ਵਾਲੇ ਸਨ ਡਿਊਟੀ ਉਪੱਰ ਲੱਗੀਆਂ ਇਸਤਰੀਆਂ ਹਮੇਸ਼ਾ ਮੁਸਕਰਾਉਂਦੀਆਂ ਮਿਲਦੀਆਂ ਸਨ । ਇਸ ਕਾਂਫ੍ਰੈਂਸ ਵਿੱਚ ਸ਼ਮਾਲ ਹੋਕੇ ਇਸਲਾਮ ਬਾਰੇ ਮੇਰੇ ਵਿਚਾਰ ਬਿਲਕੁਲ ਹੀ ਬਦਲ ਗਏ ਹਨ ਅਤੇ ਇਹ ਜਾਣਕੇ ਖ਼ੁਸ਼ੀ ਹੋਈ ਕਿ ਹੁਣ ਵੀ ਕੁਝ ਅਜਿਹੇ ਲੋਕ ਮੌਜੂਦ ਹਨ ਜੋ ਇਸ ਦੁਨੀਆ ਦੀ ਭਲਾਈ ਚਾਹੁੰਦੇ ਹਨ ।

ਕੋਸੋਵੋ ਤੋਂ ਇਕ ਵਕੀਲ ਸਾਹਬ ਆਪਣੇ ਵਿਚਾਰ ਰਖੱਦਿਆਂ ਹੋਇਆਂ ਆਪਣੇ ਅਨੁਭਵ ਵਰਨਣ ਕਰਦੇ ਹਨ ਕਿ ਜਲਸੇ ਦੀ ਵਿਵਸਥਾ ਨੂੰ ਦੇਖਕੇ ਅਜਿਹਾ ਲਗੱਦਾ ਹੈ ਕਿ ਹਰ ਕੋਈ ਖ਼ਿਲਾਫ਼ਤ ਦੀ ਅਗਿਆਕਾਰੀ ਵਿੱਚ ਸਰਗਰਮ ਆਪਣਾ ਕੰਮ ਕਰ ਰਿਹਾ ਹੈ ਇਹ ਸਾਰੀ ਆਗਿਆਕਾਰੀ ਉਸ ਵੁਜੂਦ ਦਾ ਪ੍ਰੇਮ ਸੀ ਜੋ ਸਮੇਂ ਦੇ ਖ਼ਲੀਫ਼ਾ ਦੇ ਰੂਪ ਵਿੱਚ ਜਮਾਤ ਅਹਮਦੀਆ ਨੂੰ ਨਸੀਬ ਹੈ । ਸਮੇਂ ਦੇ ਖ਼ਲੀਫ਼ਾ ਸਾਹਬ ਨਾਲ ਮੁਲਾਕਾਤ ਦਾ ਮੌਕਾ ਮਿਲਿਆ। ਜਮਾਤ ਦਾ ਹਰ ਵਿਕਅਤੀ ਇਕ ਲੜੀ ਵਿੱਜ ਪਿਰੋਇਆ ਹੋਇਆ ਹੈ, ਕੋਸੋਵੋ ਵਿੱਚ ਵੀ ਇਸੇ ਪ੍ਰਕਾਰ ਜਲਸੇ ਆਦਿ ਹੁੰਦੇ ਹਨ ਪਰ ਇਸ ਜਲਸੇ ਵਿੱਚ ਸ਼ਮਾਲ ਹੋਕੇ ਇਕ ਵਖੱਰੀ ਹੀ ਅਵਸਥਾ ਮਨੁੱਖ ਉਪੱਰ ਵਾਪਰਦੀ ਹੈ ਕਿ ਹਰ ਰੰਗ ਰੂਪ ਤੇ ਨਸਲ ਦੇ ਲੋਕ ਇਸ ਜਲਸੇ ਵਿੱਚ ਸ਼ਾਮਲ ਹਨ ਅਤੇ ਹਰ ਇਕ ਦੀ ਲੋੜ ਅਨੁਸਾਰ ਉਹਨਾਂ ਦਾ ਖ਼ਿਆਲ ਰੱਖਿਆ ਜਾ ਰਿਹਾ ਹੈ । ਕੋਸੋਵੋ ਦੇ ਜੱਥੇ ਵਿੱਚ ਇਕ ਫ਼ਿਜ਼ਿਕਸ ਦੇ ਪ੍ਰੋਫ਼ੈਸਰ ਆਰਬਰ ਸਾਹਬ ਸਨ ਉਹ ਕਹਿੰਦੇ ਹਨ ਕਿ ਇਹ ਗੱਲ ਮੇਰੇ ਲਈ ਵਿਸ਼ਵਾਸ਼ ਯੋਗ ਨਹੀਂ ਸੀ ਕਿ ਐਨ੍ਹੇ ਲੋਕਾਂ ਦਾ ਇਕ ਥਾਂ ਇਕਤੱਰ ਹੋਣਾ ਅਤੇ ਉਹਨਾਂ ਦੀਆਂ ਲੋੜਾਂ ਦਾ ਪੂਰਾ ਕੀਤਾ ਜਾਣਾ ਸੰਭਵ ਹੈ । ਜਲਸੇ ਵਿੱਚ ਸ਼ਾਮਲ ਹੋਕੇ ਸਾਰੇ ਪ੍ਰਬੰਧ ਨੂੰ ਗ਼ੌਰ ਨਾ ਦੇਖਿਆ ਕਿ ਕਿਵੇਂ ਹਰ ਇਕ ਚੀਜ਼ ਇਕ ਵਿਵਸਥਾ ਹੇਠ ਚਲ ਰਹੀ ਹੈ ਅਤੇ ਲੋੜਾਂ ਦਾ ਖ਼ਿਆਲ ਰੱਖਿਆ ਜਾ ਰਿਹਾ ਹੈ । ਹਰ ਇਕ ਕੰਮ ਲਈ ਇਕ ਖ਼ਾਦਮ (ਸੇਵਕ) ਨਿਯੁਕਤ ਸੀ । ਲੰਗਰ ਵਿੱਚ ਜਾਣ ਦਾ ਮੈਨੂੰ ਮੌਕਾ ਪ੍ਰਾਪਤ ਹੋਇਆ ਉੱਥੇ ਇਕ ਵਿਅਕਤੀ ਨਾਲ ਮੁਲਾਕਾਤ ਹੋਈ ਉਹਨ ਪਿਛਲੇ ਬਾਈ (22) ਸਾਲ ਤੋਂ ਗੰਢੇ ਛਿਲੱਣ ਦਾ ਕੰਮ ਕਰ ਰਿਹਾ ਹੈ

ਅਤੇ ਪਿਛਲੇ ਬਾਈ ਸਾਲ ਤੋਂ ਉਸਦੇ ਕੋਲ ਇਕ ਹੀ ਛੁਰੀ ਹੈ, ਉਸ ਨੇ ਮੈਂਨੂੰ ਦੱਸਿਆ ਕਿ ਇਹ ਛੁਰੀ ਮੈਂ ਇਸ ਲਈ ਰੱਖੀ ਹੋਈ ਹ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ ਸਾਹਬ) ਨੇ ਇਹ ਛੁਰੀ ਦੀ ਵਰਤੋਂ ਕੀਤੀ ਸੀ ਅਤੇ ਇਸ'ਤੇ ਹੱਥ ਲਾਇਆ ਸੀ, ਇਸ ਪੱਖੋਂ ਉਹਨਾਂ'ਤੇ ਬਹੁਤ ਚੰਗਾ ਪ੍ਰਭਾਵ ਪਿਆ ਇਸ ਦਾ ।

ਇਕ ਮਿਤੱਰ ਮੁਹਮੱਦ ਅਕਬਰ ਸਾਹਬ ਕਹਿੰਦੇ ਹਨ ਕਿ ਬਚਪਨੇ ਤੋਂ ਸੁਣ ਰਿਹਾ ਹਾਂ ਕਿ ਕੋਈ ਮਹਦੀ ਆਏਗਾ ਜੋ ਦੁਨੀਆਂ ਨੂੰ ਬਦਲ ਦੇਵੇਗਾ ਅਤੇ ਅਸੀਂ ਉਸੇ ਦੀ ਉਡੀਕ ਵਿੱਚ ਹਨ । ਹੁਣ ਪਹਿਲੀ ਵਾਰ ਸੁਣ ਰਿਹਾ ਹਾਂ ਕਿ ਉਹ ਮਹਦੀ ਜਿਸ ਦੇ ਅਸੀਂ ਉਡੀਕਵਾਨ ਹਨ ਉਹ ਲੰਘ ਵੀ ਗਿਆ ਅਤੇ ਹੁਣ ਉਸ ਦੇ ਖ਼ਲੀਫ਼ਿਆਂ ਦਾ ਸਿਲਸਿਲਾ ਜਾਰੀ ਹੈ ਹੁਣ ਮੈਂ ਜਮਾਤ ਦੇ ਲਿਟ੍ਰੇਚਰ ਦਾ ਅਧਿਐਨ ਕਰਾਂਗਾ ਅਤੇ ਉਮੀਦ ਹੈ ਕਿ ਮੈਂਨੂੰ ਤਸੱਲੀ ਹਾਸਲ ਹੋਵੇਗੀ ।

ਹੰਗਰੀ ਦੇ ਇਕ ਪ੍ਰੋਟੈਸਨਟ ਚਰਚ ਦੇ ਪਾਦਰੀ ਕਹਿੰਦੇ ਹਨ ਕਿ ਮੈਂ ਤਾਂ ਇਸਾਈ ਹਾਂ ਪਰ ਆਪ ਦੇ ਜਲਸੇ ਵਿੱਚ ਆਣਕੇ ਮੈਂਨੂੰ ਇਮਾਨ ਦੀ ਤਾਜ਼ਗੀ ਮਿਲਦੀ ਹੈ ਅਤੇ ਮੈਂ ਤਾਜ਼ਾ ਦਮ ਹੋਕੇ ਪਰਤਦਾ ਹਾਂ ।

ਹੰਗਰੀ ਦੇ ਇਕ ਸਾਹਬ ਅਵਾਰਗਾ ਸਾਹਬ ਰਿਫ਼ਊਜੀ ਕੈਂਪ ਦੇ ਦਫ਼ਤਰ ਵਿੱਚ ਕੰਮ ਕਰਦੇ ਹਨ ਕਿ ਜਲਸਾ ਅਜਿਹਾ ਮੌਕਾ ਹੈ ਜਿਵੇਂ ਕਿ ਮਨੁੱਖ ਕਿਸੇ ਮਹਾਨ ਚੀਜ਼ ਨੂੰ ਦੇਖੇ ਤਾਂ ਹੈਰਾਨੀ ਨਾਲ ਅੰਦਰੋਂ ਕਪਕਪੀ ਜਿਹੀ ਲਗੱਦੀ ਹੈ । ਬਿਲਕੁਲ ਇਸੇ ਪ੍ਰਕਾਰ ਹੀ ਆਪ ਲੋਕ ਨਾਰੇ ਲਾਉਂਦੇ ਸਨ ਤਾਂ ਅਜਿਹਾ ਲਗੱਦਾ ਸੀ ਕਿ ਹੁਣੇ ਹੀ ਇਮਾਮ ਆਦੇਸ਼ ਦੇਣਗੇ ਅਤੇ ਆਪ ਲਬੈਕ (ਹਾਜ਼ਰ ਹਾਂ) ਕਹਿਕੇ ਕੁਝ ਕਰ ਗੁਜ਼ਰਣਗੇ ਜਿਵੇਂ ਕਿ ਆਦੇਸ਼ ਦੀ ਉਡੀਕ ਵਿੱਚ ਬੈਠੇ ਹਨ । ਸ਼ੁਰੂ ਸ਼ੁਰੂ ਵਿੱਚ ਤਾਂ ਬਹੁਤ ਡਰ ਜਿਹਾ ਲੱਗਿਆ ਮੈਂਨੂੰ । ਹੰਗਰੀ ਵਿੱਚ ਅਜਿਹਾ ਇਕੱਠ ਤਾਂ ਦੂਰ ਦੀ ਗੱਲ ਸੌ ਲੋਕ ਵੀ ਹੋਣ ਤਾਂ ਇਕ ਘੰਟੇ ਵਿੱਚ ਹੀ ਕੋਈ ਨ ਕੋਈ ਲੜਾਈ ਹੋ ਜਾਂਦੀ ਹੈ । ਪਰ ਹਜ਼ਾਰਾਂ ਲੋਕਾਂ ਦਾ ਅਜਿਹਾ ਸ਼ਾਂਤੀ ਭਰਪੂਰ ਇਕੱਠ ਮੈਂ ਅੱਜ ਤੋਂ ਪਹਿਲਾਂ ਕਦੇ ਨਹੀਂ ਦੇਖਿਆ ।

ਲਿਥਵੇਨੀਯਾ ਤੋਂ ਪੰਜਾਹ ਲੋਕਾਂ'ਤੇ ਅਧਾਰਤ ਜਥੱਾ ਸ਼ਾਮਲ ਹੋਇਆ । ਇਹਨਾਂ ਵਿੱਚ ਚਾਲ੍ਹੀ ਵਿਅਕਤੀ ਗ਼ੈਰ ਜਮਾਤ ਸਨ ਅਤੇ ਦੱਸ ਅਹਮਦੀ ਸਨ । ਇਕ ਇਸਤਰੀ ਕਹਿੰਦੀ ਹਨ ਕਿ ਜਲਸੇ ਦੌਰਾਨ ਮੈਂਨੂੰ ਅਨੁਭਵ ਹੋਇਆ ਜਿਵੇਂ ਮੈਂ ਜਮਾਤ ਦਾ ਹੀ ਹਿਸੱਾ ਹਾਂ ਇਹ ਜਲਸਾ ਸਾਨੂੰ ਬਰਾਬਰੀ, ਪ੍ਰੇਮ ਅਤੇ ਦੂਜਿਆਂ ਦੀ ਸੇਵਾ ਕਰਨ ਦਾ ਪਾਠ ਦਿੰਦਾ ਹੈ ਜਿਸਦਾ ਕਰਮ ਰੂਪੀ ਪ੍ਰਦਰਸ਼ਨ ਇਸ ਜਲਸੇ ਵਿੱਚ ਦੇਖਿਆ ਜਾ ਸਕਦਾ ਹੈ ।

ਤਾਜਕਸਤਾਨ ਤੋਂ ਇਕ ਗ਼ੈਰ ਅਹਮਦੀ ਵਿਅਕਤੀ ਸਨ ਰਹੀਮ ਸਾਹਬ । ਇਹ ਰਾਜਨੀਤਿਕ ਨੇਤਾ ਵੀ ਹਨ। ਕਹਿੰਦੇ ਹਨ ਮੈਂਨੂੰ ਜਲਸੇ ਵਿੱਚ ਪਹਿਲੀ ਵਾਰ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ ਅਤੇ ਜਮਾਤ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ ਹੈ । ਸਾਰਿਆਂ ਵਰਕਰਾਂ ਦਾ ਜਜ਼ਬਾ ਮੇਰੇ ਲਈ ਉਧਾਰਣ ਹੈ ਕਿਸ ਪ੍ਰਕਾਰ ਦਿਨ ਰਾਤ ਕੰਮ ਹੋ ਰਿਹਾ ਹੈ । ਮੈਨੂੰ ਜਮਾਤ ਅਹਮਦੀਆ ਦੇ ਖ਼ਲੀਫ਼ਾ ਸਾਹਬ ਨਾਲ ਮੁਲਾਕਾਤ ਕਰਕੇ ਮੇਰੇ ਮਨ ਵਿੱਚ ਉਭਰਣ ਵਾਲੇ ਅਨੇਕਾ ਪ੍ਰਸ਼ਨਾ ਦਾ ਉੱਤਰ ਮਿਲ ਗਿਆ ਹੈ ।

ਅਲਬਾਨੀਆ ਤੋਂ ਆਉਣ ਵਾਲੇ ਇਕ ਮਿਤੱਰ ਬਰਕ ਸਾਹਬ ਕਹਿੰਦੇ ਹਨ ਮੈਂ ਅਹਮਦੀਅਤ ਦਾ ਬਹੁਤ ਮੁਖ਼ਾਲਫ਼ ਸੀ । ਮੇਰਾ ਭਰਾ ਅਤੇ ਮੇਰਾ ਮਿਤੱਰ ਅਹਮਦੀਤ ਵਿੱਚ ਦਾਖ਼ਲ ਹੋ ਚੁਕੇ ਸਨ ਮੈਂ ਹਰ ਸੰਭਵ ਜਤਨ ਕਰਦਾ ਸੀ ਕਿ ਮੇਰੇ ਭਾਈ ਨੂੰ ਅਹਮਦੀਅਤ ਤੋਂ ਘ੍ਰਿਣਾ ਹੋ ਜਾਏ, ਅਖ਼ੀਰ ਇਹ ਤੈਅ ਹੋਇਆ ਕਿ ਦੋਵੇਂ ਦੁਆ ਕਰਦੇ ਹਾਂ ਜੋ ਸਚੱਾ ਹੋਵੇਗਾ ਉਹ ਜਿੱਤ ਜਾਵੇਗਾ ਤਾਂ ਕਹਿੰਦੇ ਹਨ ਨਿਰੰਤਰ ਦੁਆ ਦੇ ਬਾਦ ਮੇਰਾ ਮਨ ਕਰਨ ਲਗੱਾ ਕਿ ਪਹਿਲਾਂ ਆਪਣੀਆਂ ਅਖੱਾਂ ਨਾਲ ਜਾਕੇ ਜਲਸਾ ਸਾਲਾਨਾ ਅਤੇ ਖ਼ਲੀਫ਼ਾ ਸਾਹਬ ਨੂੰ ਦੇਖਾਂ ਤਾਂ ਜੋ ਵੀ ਨਿਰਣਾ ਕਰਾਂ ਉਹ

ਅਧੂਰਾ ਨ ਹੋਵੇ, ਇਉਂ ਮੈਂ ਪਿਛਲੇ ਸਾਲ ਜਲਸੇ ਵਿੱਚ ਸ਼ਾਮਲ ਹੋਇਆ ਤਾਂ ਮੈਨੂੰ ਕੁਝ ਹੌਂਸਲਾ ਹੋਇਆ ਪਰ ਫਿਰ ਵੀ ਕੁਝ ਬੇਚੈਨੀ ਸੀ, ਸੋ ਫ਼ੈਸਲਾ ਕਰਨ ਦਾ ਸਮਾਂ ਆਗਿਆ ਅਤੇ ਮੈਨੂੰ ਖ਼ਲੀਫ਼ਾ ਸਾਹਬ ਦਾ ਚਿਹਰਾ ਦਿਖਾਈ ਦਿਤੱਾ ਅਤੇ ਜੱਦ ਮੇਰੀ ਨਜ਼ਰ ਪਈ ਤਾਂ ਉਸੇ ਸਮੇਂ ਮੇਰੀ ਸਾਰੀ ਦੁਸ਼ਮਣੀ, ਕੀਨਾ ਤੇ ਨਫ਼ਰਤ ਅਤੇ ਸਾਰੇ ਸ਼ੰਕੇ ਮਨ ਵਿੱਚੋਂ ਨਿਕਲ ਗਏ ਹੁਣ ਮੇਰੇ ਕੋਲ ਇਨਕਾਰ ਦੀ ਕੋਈ ਥਾਂ ਨਹੀਂ ਸੀ, ਸੋ, ਜਲਸੇ ਤੋਂ ਵਾਪਸ ਆਣਕੇ ਮੈਂ ਬੈਅਤ ਫ਼ਾਰਮ ਭਰ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਮੈਂ ਕੁਝ ਨਮਾਜ਼ ਜਨਾਜ਼ੇ ਗ਼ਾਇਬ ਪੜ੍ਹਾਵਾਂਗਾ । ਪਹਿਲਾਂ ਨਮਾਜ਼ ਜਨਾਜ਼ਾਹ ਜੋ ਹੈ ਉਹ ਸਯੱਦ ਹਸਨਾਤ ਅਹਮਦ ਸਾਹਬ ਕੈਨੇਡਾ ਦਾ ਹੈ 27 ਅਗਸਤ ਨੂੰ 92 ਸਾਲ ਦੀ ਉਮਰ ਵਿੱਚ ਇਹਨਾਂ ਦੀ ਵਫ਼ਾਤ ਹੋਈ, 'ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਉਨ' ( اناللهواناالیه راجعون۔) ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਹਜ਼ਰਤ ਡਾਕਟਰ ਸਯੱਦ ਸ਼ਫ਼ੀਅ ਅਹਮਦ ਸਾਹਬ ਮੁਹੱਕਿਕ ਦਿਹਲਵੀ ਅਤੇ ਸਯੱਦਾ ਕੁਰੈਸ਼ਾ ਤਾਹਿਰ ਸਾਹਿਬਾ ਜੋ ਬੇਗ਼ਮ ਸ਼ਫ਼ੀਅ ਦੇ ਨਾਂ ਨਾਲ ਜਾਣੀ ਜਾਂਦੀ ਹਨ ਦੇ ਪੁਤੱਰ ਸਨ ਇਹ । ਦੂਜਾ ਨਮਾਜ਼ ਜਨਾਜ਼ਾਹ ਮੁਬਾਰਕਾ ਸ਼ੌਕਤ ਸਾਹਿਬਾ ਦਾ ਹੈ ਜੋ ਕੁਦਰਾਤੁਲੱਾਹ ਸਾਹਬ ਸਾਬਕਾ ਮੁਬਲੱਗ਼ ਹਾਲੈਂਡ ਅਤੇ ਇੰਡੋਨੇਸ਼ੀਆ ਦੀ ਪਤਨੀ ਸਨ । 8 ਸਤੰਬਰ ਨੂੰ 94 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਈ ਹਨ । (اناللهواناالیه راجعون۔) ਮੁਹਤਰਮ ਬਾਬੂ ਅਬਦੁਲ ਲਤੀਫ਼ ਸਾਹਬ ਦੀ ਬੇਟੀ ਸਨ ਅਤੇ ਤੀਜਾ ਜਨਾਜ਼ਾਹ ਚੌਧਰੀ ਖ਼ਾਲਦ ਸੈਫ਼ੁਲੱਾਹ ਸਾਹਬ ਨਾਇਬ ਅਮੀਰ ਜਮਾਤ ਆਸਟ੍ਰੇਲੀਆ ਦਾ ਹੈ ਜੋ 16 ਸਤੰਬਰ ਨੂੰ 87 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ਹਨ । (اناللهواناالیه راجعون۔)

**Khulasa Khutba Jumma 21.09.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131